# ਪੰਜਾਬੀ ਗੀਤ ਸੁਣਾ ਦੇ ਵੇ

ਪੰਜਾਬੀ ਗੀਤ ਸੁਣਾ ਦੇ ਵੇ

ਅੰਗ੍ਰੇਜ਼ੀ ਡੀਜੇ ਵਾਲਿਆ

ਪੰਜਾਬੀ ਗੀਤ ਸੁਣਾ ਦੇ ਵੇ

ਅੰਗ੍ਰੇਜ਼ੀ ਡੀਜੇ ਵਾਲਿਆ

ਜੀਹਦੇ ਵਿਚ ਮਹਿਕ ਹੋਵੇ

ਚਾਟੀ ਤੇ ਮਧਾਣੀ ਦੀ

ਜੀਹਦੇ ਵਿਚ ਮਹਿਕ ਹੋਵੇ

ਪੰਜ ਦਰਿਯਾ ਦੇ ਪਾਣੀ ਦੀ

ਜੀਹਦੇ ਵਿਚ ਕੁੜੀਆਂ ਦੇ

ਗਿਧਿਆਂ ਦੀ ਧਮਕ ਹੋਵੇ

ਨਕ ਵਿਚ ਜੜੇ ਹੋਏ

ਕੋਕਿਆਂ ਦੀ ਚਮਕ ਹੋਵੇ

ਪੰਜਾਬੀ ਗੀਤ ਸੁਣਾ ਦੇ ਵੇ

ਅੰਗ੍ਰੇਜ਼ੀ ਡੀਜੇ ਵਾਲਿਆ

ਜੀਹਦੇ ਵਿਚ ਭੇਣ ਅਤੇ

ਵੀਰ ਦਾ ਪਿਆਰ ਹੋਵੇ

ਸਸ ਅਤੇ ਨੂਹ ਦੀ ਵੀ

ਥੋੜੀ ਤਕਰਾਰ ਹੋਵੇ

ਪੰਜਾਬੀ ਗੀਤ ਸੁਣਾ ਦੇ ਵੇ

ਅੰਗ੍ਰੇਜ਼ੀ ਡੀਜੇ ਵਾਲਿਆ

ਜੀਹਦੇ ਵਿਚ ਛਲਾਂ ਮਾਰੇ

ਵਿਰਸਾ ਪੰਜਾਬ ਦਾ

ਜੀਹਦੇ ਵਿਚ ਜ਼ਿਕਰ ਹੋਵੇ

ਸਰੋਹ ਵਾਲੇ ਸਾਗ ਦਾ

ਪੰਜਾਬੀ ਗੀਤ ਸੁਣਾ ਦੇ ਵੇ

ਅੰਗ੍ਰੇਜ਼ੀ ਡੀਜੇ ਵਾਲਿਆ

ਲਚਰ ਪਚਰ ਖਚਰ

ਜੀਹਦੇ ਵਿਚ ਕੋਈ ਨਾ ਗਲ ਹੋਵੇ

ਪੰਜਾਬੀਆਂ ਦਾ ਦਿਲ ਹੋਵੇ

ਨਾਂ ਕੋਈ ਵਲ ਛਲ ਹੋਵੇ

ਪੰਜਾਬੀ ਗੀਤ ਸੁਨਾ ਦੇ ਵੇ

ਅੰਗ੍ਰੇਜ਼ੀ ਡੀਜੇ ਵਾਲਿਆ

ਆਖਾਂ ਗੀ ਅਰੋੜੇ ਨੂੰ

ਕੋਈ ਐਸਾ ਗੀਤ ਲਿਖ ਦੇ

ਪੰਜਾਬੀਆਂ ਦੇ ਵਿਰਸੇ

ਪੰਜਾਬੀਆਂ ਦੀ ਦਿਖ ਤੇ

ਕੇਸੇਟ ਬਣਾਵੇ ਫਿਰ

ਕਹਾਂ ਦੀਪਕ ਬਾਲੀ ਨੂੰ

ਪੰਜਾਬੀ ਫੁਲਵਾੜੀ ਨੂੰ

ਸੰਭਾਲਨ ਵਾਲੇ ਮਾਲੀ ਨੂੰ

ਪੰਜਾਬੀ ਗੀਤ ਸੁਣਾ ਦੇ ਵੇ

ਅੰਗ੍ਰੇਜ਼ੀ ਡੀਜੇ ਵਾਲਿਆ